# ਮਹਾਰਾਣੀ ਜਿੰਦਾਂ

ਗਿਆਨੀ ਤ੍ਰਿਲੋਕ ਸਿੰਘ

G. 417

ਪ੍ਰਕਾਸ਼ਕ

**ਭਾਈ ਹਰਨਾਮ ਸਿੰਘ ਜੋਗਿੰਦਰ ਸਿੰਘ**

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਤ੍ਰਿ ੭੭੮ ਮਜ
30686

## ਏਸੇ ਲੇਖਣੀ ਦੇ ਹੋਰ ਨਾਵਲ:-

੧. ਮਹਾਰਾਣੀ ਚੰਦ ਕੌਰ।
੨. ਸਿਖ ਰਾਜ ਦੀਆਂ ਸ਼ਾਮਾਂ।
੩. ਲੱਗੀਆਂ ਤੋੜ ਨਿਭਾਈਏ।
੪. ਸਬਰ ਦੇ ਘੁੱਟ।
੫. ਦਿਲ ਧੜਕੇ ਮੇਰਾ।

'ਮਿਨਰਵਾ' ਪ੍ਰੈਸ, ਅੰਮ੍ਰਿਤਸਰ ਵਿਚ ਮੈਨੇਜਰ ਗੁਰਕੀਰਤ ਸਿੰਘ 'ਭਾਈ' ਦੇ ਪ੍ਰਬੰਧ ਹੇਠ ਛਪੀ ਤੇ ਹਰਨਾਮ ਸਿੰਘ ਮਾਲਕ ਫਰਮ ਭਾਈ ਹਰਨਾਮ ਸਿੰਘ ਜੋਗਿੰਦਰ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ।

## ਮੁਖ-ਬੰਧ

ਮਹਾਰਾਣੀ ਚੰਦ ਕੌਰ ਦੀ ਜੀਵਨ ਕਹਾਣੀ ਲਿਖਣ ਦੇ ਬਾਅਦ ਮੇਰੀ ਤੀਬਰ ਇੱਛਾ ਸੀ ਕਿ ਮਹਾਰਾਣੀ ਜਿੰਦ ਕੌਰ (ਮਾਈ ਜਿੰਦਾਂ) ਦੀ ਜੀਵਨ ਕੱਥਾ ਵੀ ਲਿਖਾਂ ਜੋ ਬਹੁਤ ਬੜੀ ਦੁਖਾਂਤ ਹੈ, ਅਕਾਲ ਪੁਰਖ ਦੀ ਸਹਾਇਤਾ ਨਾਲ ਅੱਜ ਮੇਰੀ ਇੱਛਾ ਪੂਰੀ ਹੋ ਗਈ ਹੈ।

ਸਾਡਾ ਇਤਹਾਸ ਜਾਣ ਬੁਝ ਕੇ ਤੋੜਿਆ ਮਰੋੜਿਆ ਜਾਂ ਖਰਾਬ ਕੀਤਾ ਗਿਆ ਹੈ ਅਤੇ ਹੁਣ ਤਕ ਗਲਤ ਫਹਿਮੀਆਂ ਤੁਰੀਆਂ ਆਉਂਦੀਆਂ ਹਨ। ਜਿਵੇਂ ਇਹ ਖਿਆਲ ਕੀਤਾ ਜਾਂਦਾ ਹੈ ਕਿ ਮਹਾਰਾਣੀ ਜਿੰਦ ਕੌਰ ਨੇ ਸਿਖ ਰਾਜ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ, ਤੇ ਉਸ ਨੇ ਹੀ ਸਤਲੁਜ ਦੀ ਲੜਾਈ ਵਿਚ ਬਰੂਦ ਦੀ ਥਾਂ ਸਰਸੋਂ ਭੇਜੀ। ਐਸੀਆਂ ਦੰਦ ਕੱਥਾ ਜੋੜ ਕੇ ਮਹਾਰਾਣੀ ਨੂੰ ਬਦਨਾਮ ਕੀਤਾ ਗਿਆ ਹੈ। ਅਸਲ ਵਿਚ ਮਹਾਰਾਣੀ ਨਿਰਦੋਸ਼ ਹੈ। ਤੇਜਾ ਸਿੰਘ ਤੇ ਲਾਲ ਸਿੰਘ ਵਰਗੇ ਅਕ੍ਰਿਤਘਣਾ ਤੋਂ ਕਿਸੇ ਨੇ ਮਹਾਰਾਣੀ ਦੇ ਵਿਰੁਧ ਝੂਠਾ ਪ੍ਰਚਾਰ ਕਰਾਇਆ ਸੀ। ਉਹ ਇਸ ਵਾਸਤੇ ਕਿ ਉਸ ਦੀ ਜਲਾਵਤਨੀ ਪੁਰ ਅਣਖੀਲੇ ਸਿੰਘ ਸੂਰਮੇਂ ਉਠ ਨਾ ਪੈਣ, ਲਾਰਡ ਡਲਹੌਜ਼ੀ ਅਤੇ ਜੌਹਨ ਹੈਨਰੀ ਲਾਰੈਂਸ ਦੋਵੇਂ ਹੀ ਚਲਾਕ ਅੰਗਰੇਜ਼ ਸਨ, ਜਿਨ੍ਹਾਂ ਨੇ ਮਹਾਰਾਣੀ ਨੂੰ ਪੁਜ ਕੇ ਬਦਨਾਮ ਕੀਤਾ ਕਿਉਂਕਿ ਉਹ ਸਮਝਦੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਪਿੱਛੋਂ ਸਿਖਾਂ ਵਿਚ ਜੇ ਕੋਈ ਰਾਜ ਕਰਨ ਦਾ ਦਿਲ-ਦਿਮਾਗ਼ ਰੱਖਦਾ ਹੈ ਤਾਂ ਉਹ ਮਹਾਰਾਣੀ ਜਿੰਦਾਂ ਹੈ, ਏਸੇ

ਵਾਸਤੇ ਹੀ ਉਸ ਪਰ ਝੂਠੇ ਦੋਸ਼ ਥੱਪ ਕੇ ਉਸ ਨੂੰ ਕੈਦ ਕਰ ਲਿਆ। ਉਸ ਦੀ ਗ਼ੈਰ-ਹਾਜ਼ਰੀ ਵਿਚ ਬਾਲਕ-ਮਹਾਰਾਜਾ ਦਲੀਪ ਸਿੰਘ ਕੋਲੋਂ ਪੰਜਾਬ ਦਾ ਰਾਜ ਫਰੇਬ ਨਾਲ ਖੋਹ ਲਿਆ। ਪੂਰੇ ਸੋਲਾਂ ਸਾਲ ਕੈਦ ਖ਼ਾਨਿਆਂ, ਜੰਗਲਾਂ ਅਤੇ ਪ੍ਰਦੇਸਾਂ ਵਿਚ ਧੱਕੇ ਖਾਂਦੀ ਹੋਈ ਵਿਚਾਰੀ ਰੋ ਰੋ ਕੇ ਅੰਨ੍ਹੀ ਹੋ ਗਈ ਤੇ ਪ੍ਰਦੇਸ ਵਿਚ ਹੀ ਸ਼ਹੀਦ ਹੋਈ।

ਇਹ ਪੁਸਤਕ ਭਾਵੇਂ ਨਾਵਲ ਦੇ ਢੰਗ ਤੇ ਹੈ, ਇਕ ਦੋ ਪਾਤਰ ਮਨੋ-ਕਲਪਤ ਵੀ ਬਣਾਏ ਗਏ ਹਨ, ਫਿਰ ਵੀ ਇਤਿਹਾਸਕ ਸਚਾਈ ਨੂੰ ਤੋੜਨ-ਮਰੋੜਨ ਦਾ ਯਤਨ ਨਹੀਂ ਕੀਤਾ। ਕੋਸ਼ਿਸ਼ ਕੀਤੀ ਹੈ ਕਿ ਇਤਿਹਾਸਕ ਸਚਾਈਆਂ ਨੂੰ ਪ੍ਰਗਟ ਕਰ ਕੇ ਪੰਜਾਬੀਆਂ ਨੂੰ ਦੱਸਿਆ ਜਾਏ ਕਿ ਜਿਸ ਮਹਾਰਾਣੀ ਨੂੰ ਬੁਰੀ ਮੰਨਦੇ ਹੋ, ਅਸਲ ਵਿਚ ਉਹ ਚੰਗੀ ਪੰਜਾਬਣ, ਸਿੰਘਣੀ ਸਤਵੰਤੀ, ਸੱਚੀ ਦੇਸ਼ ਭਗਤ ਅਤੇ ਚੰਗੇਰੀ ਮਾਂ ਸੀ।

ਮੈਨੂੰ ਪੂਰਾ ਭਰੋਸਾ ਹੈ ਕਿ ਪੰਜਾਬੀ ਦੇ ਪ੍ਰੇਮੀ ਤੇ ਗੁਰੂ ਪੰਥ ਮਹਾਰਾਣੀ ਚੰਦ ਕੌਰ ਵਾਂਗ ਮੇਰੇ ਇਸ ਇਤਿਹਾਸਕ ਨਾਵਲ ਦਾ ਵੀ ਯੋਗ ਸਤਕਾਰ ਕਰਨਗੇ।

ਅੰਮ੍ਰਿਤਸਰ
੧੬-੫-੧੯੪੪

## ੧.

੧੫ ਅਪ੍ਰੈਲ ੧੮੪੯,

ਰਾਤ ਦੇ ਹਨੇਰੇ ਵਿਚ ਚੁਨਾਰ ਦਾ ਕਿਲ੍ਹਾ ਕਾਲੇ ਪਹਾੜ ਵਾਂਗ ਦਿਸਦਾ ਹੈ ਅਤੇ ਉਸ ਦੇ ਚੌਗਿਰਦੇ ਚੁੱਪ ਦਾ ਰਾਜ ਹੈ। ਕਿਲ੍ਹੇ ਦੇ ਰਾਖਿਆਂ ਦੀ ਅਵਾਜ਼ ਕਦੀ ਕਦਾਈਂ ਚੁੱਪ ਦੇ ਜਾਦੂ ਨੂੰ ਤੋੜਦੀ ਹੋਈ ਨਿਕੀਆਂ ਪਹਾੜੀਆਂ ਦੀਆਂ ਖੱਡਾਂ ਅਤੇ ਹਨੇਰੇ ਵਿਚ ਗੁੰਮ ਹੋ ਜਾਂਦੀ ਹੈ। ਕਿਲ੍ਹੇ ਵਿਚ ਫੌਜ ਨਾਲੋਂ ਬਹੁਤੇ ਕਰਮਾਂ ਦੇ ਮਾਰੇ ਕੈਦੀ ਹਨ, ਜੋ ਆਜ਼ਾਦ ਜੀਵਨ ਦੇ ਸੁਪਨੇ ਲੈ ਰਹੇ ਹਨ ਅਤੇ ਉਨ੍ਹਾਂ ਦੇ ਰਾਖੇ ਕੁਝ ਘੂਕ ਸੁਤੇ ਹਨ ਤੇ ਕੁਝ ਪਹਿਰਾ ਦਿੰਦੇ ਹੋਏ ਰਾਖੀ ਕਰ ਰਹੇ ਹਨ।

ਕੁਕੜ ਦੀ ਪਹਿਲੀ ਬਾਂਗ ਦੇ ਨਾਲ ਕੈਦਣ ਮਹਾਰਾਣੀ ਜਿੰਦ ਕੌਰ ਆਪਣੇ ਪਲੰਘ ਤੋਂ ਉਠੀ ਅਤੇ ਫਰਸ਼ ਉਤੇ ਸੁਤੀ ਦਾਸੀ ਨੂੰ ਉਸ ਨੇ ਹਲੂਣ ਕੇ ਜਗਾਇਆ।

'ਸ਼ਾਮੋ, ਜੋ ਕੁਝ ਮੈਂ ਰਾਤੀਂ ਆਖਿਆ ਸੀ, ਉਹ ਕੁਝ ਕਰਨ ਲੱਗੀ ਹਾਂ, ਤੂੰ ਉਠ ਤੇ ਮੇਰੀ ਮਦਦ ਕਰ, ਮੈਨੂੰ ਤੇਰੇ ਤੇ ਪੂਰਾ ਭਰੋਸਾ ਹੈ।" ਦਾਸੀ ਨੂੰ ਸੰਬੋਧਨ ਕਰ ਕੇ ਮਹਾਰਾਣੀ ਨੇ ਉਸ ਨੂੰ ਆਖਿਆ।

"ਜਿਵੇਂ ਆਗਿਆ ਮਹਾਰਾਣੀ ਜੀ, ਦਸੋ ਮੈਂ ਕੀ ਕਰਾਂ ?" ਆਪਣੇ ਫਰਸ਼ੀ ਬਿਸਤਰ ਤੋਂ ਉਠ ਕੇ ਖਲੋਂਦੀ ਹੋਈ ਦਾਸੀ ਸ਼ਾਮੋਂ ਨੇ ਪੁਛਿਆ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.